RAPE CRISIS SCOTLAND



ਰਾਸ਼ਟਰੀ ਵਕਾਲਤ ਸੇਵਾ

ਤੁਸੀਂ ਇਕੱਲੇ ਨਹੀਂ ਹੋ

ਕੀ ਤੁਸੀਂ ਪੁਲਿਸ ਨੂੰ ਜਿਨਸੀ ਹਿੰਸਾ ਦੀ ਰਿਪੋਰਟ ਕਰਨ ਬਾਰੇ ਸੋਚ ਰਹੇ ਹੋ?

ਕੀ ਤੁਸੀਂ ਪਹਿਲਾਂ ਹੀ ਰਿਪੋਰਟ ਕਰ ਚੁੱਕੇ ਹੋ ਅਤੇ ਕਾਰਵਾਈ ਦੌਰਾਨ ਕੁਝ ਵਾਧੂ ਸਹਾਇਤਾ ਦੀ ਲੋੜ ਹੈ?

ਜੇ ਤੁਸੀਂ ਆਪਣੇ ਵਿਕਲਪਾਂ ਬਾਰੇ ਹੋਰ ਜਾਣਨਾ ਚਾਹੁੰਦੇ ਹੋ ਅਤੇ ਮੁਫਤ, ਵਿਸ਼ੇਸ਼ ਸਹਾਇਤਾ ਪੂਰੀ ਕਾਰਵਾਈ ਦੌਰਾਨ ਚਾਹੁੰਦੇ ਹੋ, ਤਾਂ ਅਸੀਂ ਤੁਹਾਡੇ ਲਈ ਹੀ ਇੱਥੇ ਹਾਂ।

National Advocacy Service (ਰਾਸ਼ਟਰੀ ਵਕਾਲਤ ਸੇਵਾ) ਵਿਸ਼ੇਸ਼ ਜਿਨਸੀ ਹਿੰਸਾ ਦੇ ਮਾਹਰ ਵਕਾਲਤੀ ਕਰਮਚਾਰੀਆਂ ਦਾ ਇੱਕ ਨੈੱਟਵਰਕ ਹੈ ਜੋ ਤੁਹਾਡੀ ਅਪਰਾਧਿਕ ਮਾਮਲਿਆਂ ਵਿੱਚ ਇਨਸਾਫ ਪ੍ਰਣਾਲੀ ਨੂੰ ਸਮਝਣ, ਸੰਚਾਲਨ ਕਰਨ ਅਤੇ ਪਹੁੰਚ ਪ੍ਰਦਾਨ ਕਰਨ ਵਿੱਚ ਸਹਾਇਤਾ ਕਰ ਸਕਦੇ ਹਨ।

ਸਕਾਟਲੈਂਡ ਦੇ ਹਰ ਖੇਤਰ ਵਿੱਚ ਵਕਾਲਤੀ ਕਰਮਚਾਰੀ ਮੌਜੂਦ ਹਨ। ਵਕਾਲਤੀ ਕਰਮਚਾਰੀ ਪੁਲਿਸ ਅਤੇ ਹੋਰ ਅਪਰਾਧਿਕ ਮਾਮਲਿਆਂ ਵਿੱਚ ਇਨਸਾਫ ਏਜੰਸੀਆਂ ਤੋਂ ਪੂਰੀ ਤਰ੍ਹਾਂ ਸੁਤੰਤਰ ਹੁੰਦੇ ਹਨ। ਇਸਦਾ ਮਤਲਬ ਹੈ ਕਿ ਵਕਾਲਤ ਸਹਾਇਤਾ ਗੁਪਤ ਹੈ ਅਤੇ ਵਕਾਲਤੀ ਕਰਮਚਾਰੀ ਤੁਹਾਡੇ 'ਤੇ ਰਿਪੋਰਟ ਕਰਨ ਲਈ ਦਬਾਅ ਨਹੀਂ ਪਾਵੇਗਾ। ਵਕਾਲਤੀ ਕਰਮਚਾਰੀ ਤੁਹਾਨੂੰ ਸੂਚਿਤ ਫੈਸਲੇ ਲੈਣ ਲਈ ਜਾਣਕਾਰੀ ਪ੍ਰਦਾਨ ਕਰਨਗੇ।

ਜੇ ਤੁਹਾਨੂੰ ਲੱਗਦਾ ਹੈ ਤੁਸੀਂ ਬੋਲ ਨਹੀਂ ਸਕਦੇ ਜਾਂ ਤੁਹਾਡੀ ਗੱਲ ਸੁਣੀ ਨਹੀਂ ਜਾ ਰਹੀ, ਤਾਂ ਉਹ ਤੁਹਾਡੀ ਆਵਾਜ਼ ਨੂੰ ਬਲ ਬਖ਼ਸ਼ਣ ਵਿੱਚ ਮਦਦ ਕਰ ਸਕਦੇ ਹਨ।



ਵਕਾਲਤੀ ਕਰਮਚਾਰੀ ਤੁਹਾਡੇ ਅਪਰਾਧਿਕ ਮਾਮਲਿਆਂ ਵਿੱਚ ਇਨਸਾਫ ਲੈਣ ਦੇ ਸਫ਼ਰ ਦੇ ਹਰ ਪੜਾਅ 'ਤੇ ਸਹਾਇਤਾ ਅਤੇ ਜਾਣਕਾਰੀ ਪ੍ਰਦਾਨ ਕਰ ਸਕਦੇ ਹਨ, ਬਿਆਨ ਦੇਣ ਤੋਂ ਪਹਿਲਾਂ ਤੋਂ ਲੈ ਕੇ ਅਦਾਲਤੀ ਕੇਸ ਦੇ ਅੰਤ ਤੱਕ। ਸਹਾਇਤਾ ਲਚਕੀਲੀ ਹੋ ਸਕਦੀ ਹੈ ਅਤੇ ਜੇ ਲੋੜ ਹੋਵੇ ਤਾਂ ਤੁਹਾਡਾ ਵਕਾਲਤੀ ਕਰਮਚਾਰੀ ਦੁਭਾਸ਼ੀਏ ਦਾ ਪ੍ਰਬੰਧ ਕਰ ਸਕਦਾ ਹੈ।

ਵਕਾਲਤੀ ਕਰਮਚਾਰੀ ਇਹ ਕਰ ਸਕਦੇ ਹਨ:



ਰਿਪੋਰਟ ਕਰਨ ਬਾਰੇ ਸੋਚ ਰਹੇ ਲੋਕਾਂ ਲਈ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰਨਾ



ਕਾਨੂੰਨੀ ਕਾਰਵਾਈਆਂ ਨੂੰ ਸਰਲ ਸ਼ਬਦਾਂ ਵਿੱਚ ਸਮਝਾਉਣਾ




ਪੁਲਿਸ ਬਿਆਨਾਂ ਲਈ ਪ੍ਰਬੰਧ ਕਰਨਾ ਅਤੇ ਉਹਨਾਂ ਵਿੱਚ ਸ਼ਾਮਲ ਹੋਣਾ



ਤੁਹਾਡੀ ਅਪਰਾਧਿਕ ਮਾਮਲਿਆਂ ਵਿੱਚ ਇਨਸਾਫ ਏਜੰਸੀਆਂ ਜਿਵੇਂ ਕਿ ਪੁਲਿਸ ਸਕਾਟਲੈਂਡ ਅਤੇ ਕ੍ਰਾਊਨ ਆਫਿਸ ਐਂਡ ਪ੍ਰੋਕਿਊਰੇਟਰ ਫਿਸਕਲ ਸਰਵਿਸ (COPFS) ਨਾਲ ਸੰਚਾਰ ਕਰਨ ਵਿੱਚ ਮਦਦ ਕਰਨਾ



ਤੁਹਾਡੇ ਨਾਲ ਪੁਲਿਸ ਪਛਾਣ ਪਰੇਡਾਂ (VIPER) ਵਿੱਚ ਸ਼ਾਮਲ ਹੋਣਾ




ਕੇਸ ਦੀ ਕਾਰਵਾਈ ਬਾਰੇ ਅੱਪਡੇਟ ਪ੍ਰਾਪਤ ਕਰਨ ਵਿੱਚ ਤੁਹਾਡੀ ਸਹਾਇਤਾ ਕਰਨਾ



ਅਪਰਾਧਿਕ ਮਾਮਲਿਆਂ ਵਿੱਚ ਇਨਸਾਫ ਕਾਰਵਾਈ ਨਾਲ ਸਬੰਧਤ ਅਪੌਇੰਟਮੈਂਟਾਂ ਅਤੇ ਮੀਟਿੰਗਾਂ ਵਿੱਚ ਸ਼ਾਮਲ ਹੋਣ ਵਿੱਚ ਤੁਹਾਡੀ ਸਹਾਇਤਾ ਕਰਨਾ



ਅਦਾਲਤ ਵਿੱਚ ਗਵਾਹੀ ਦੇਣ ਵਿੱਚ ਤੁਹਾਡੀ ਮਦਦ ਕਰਨ ਲਈ ਉਪਲਬਧ ਵਿਸ਼ੇਸ਼ ਉਪਾਵਾਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ, ਅਤੇ ਤੁਹਾਡੇ ਪਸੰਦੀਦਾ ਉਪਾਵਾਂ ਲਈ ਅਰਜ਼ੀ ਦੇਣ ਲਈ COPFS ਨਾਲ ਸੰਪਰਕ ਕਰਨਾ



ਜੇ ਤੁਸੀਂ ਪੀੜਤ ਉੱਤੇ ਅਪਰਾਧ ਦਾ ਪ੍ਰਭਾਵ ਬਾਰੇ ਬਿਆਨ ਦੇਣਾ ਚਾਹੁੰਦੇ ਹੋ, ਉਸ ਵਿੱਚ ਮਦਦ ਕਰਨਾ



ਅਦਾਲਤ ਵਿੱਚ ਜਾਣ ਵਿੱਚ ਤੁਹਾਡੀ ਸਹਾਇਤਾ ਕਰਨਾ



ਪੈਰੋਲ ਬੋਰਡ ਨਾਲ ਗੱਲਬਾਤ ਕਰਨ ਵਿੱਚ ਤੁਹਾਡੀ ਸਹਾਇਤਾ ਕਰਨਾ



ਜੇ ਲੋੜ ਪਵੇ ਤਾਂ ਅਪਰਾਧਿਕ ਮਾਮਲਿਆਂ ਵਿੱਚ ਇਨਸਾਫ ਏਜੰਸੀ ਬਾਰੇ ਸ਼ਿਕਾਇਤ ਦਰਜ ਕਰਾਉਣ ਵਿੱਚ ਤੁਹਾਡੀ ਸਹਾਇਤਾ ਕਰਨਾ



ਕੇਸ ਦੌਰਾਨ ਅਪਰਾਧ ਅਤੇ ਅਪਰਾਧਿਕ ਮਾਮਲਿਆਂ ਵਿੱਚ ਇਨਸਾਫ਼ ਕਾਰਵਾਈਆਂ ਦੇ ਪ੍ਰਭਾਵ ਬਾਰੇ ਆਮ ਭਾਵਨਾਤਮਕ ਸਹਾਇਤਾ ਪ੍ਰਦਾਨ ਕਰਨਾ



“ਮੇਰੀ ਵਕਾਲਤੀ ਕਰਮਚਾਰੀ ਨੇ ਇਹ ਸਮਝਣ ਲਈ ਸਮਾਂ ਲਿਆ ਕਿ ਮੇਰਾ ਦਿਮਾਗ ਕਿਵੇਂ ਕੰਮ ਕਰਦਾ ਹੈ। ਉਸਨੇ ਸੱਚਮੁੱਚ ਉਹ ਸਭ ਕੁਝ ਕੀਤਾ ਜਿਸਦੀ ਮੈਨੂੰ ਲੋੜ ਸੀ ਅਤੇ ਉਹ ਮੇਰੀ ਗਤੀ ਮੁਤਾਬਿਕ ਚੱਲੀ। ਉਸਨੇ ਇਸਨੂੰ ਕਦਮ-ਦਰ-ਕਦਮ ਸਮਝਾਇਆ, ਚੀਜ਼ਾਂ ਨੂੰ ਇਸ ਢੰਗ ਨਾਲ ਸਮਝਾਇਆ ਜੋ ਮੈਂ ਸਮਝ ਸਕਦੀ ਸਾਂ, ਮੈਨੂੰ ਮੇਰੀ ਗਤੀ ਮੁਤਾਬਿਕ ਹਰ ਚੀਜ਼ ਨੂੰ ਸਮਝਣ ਦਾ ਸਮਾਂ ਦਿੱਤਾ।

ਵਕਾਲਤੀ ਕਰਮਚਾਰੀ ਤੋਂ ਸਹਾਇਤਾ ਪ੍ਰਾਪਤ ਕਰਨਾ ਹੀ ਉਹ ਸਭ ਤੋਂ ਵਧੀਆ ਕੰਮ ਸੀ ਜੋ ਮੈਂ ਕਰ ਸਕਦੀ ਸੀ, ਫਿਰ ਸਭ ਕੁਝ ਆਸਾਨ ਹੋ ਗਿਆ।”

ਜੇ ਤੁਸੀਂ ਵਕਾਲਤੀ ਕਰਮਚਾਰੀ ਤੋਂ ਸਹਾਇਤਾ ਲੈਣਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਆਪਣੇ ਸਥਾਨਕ ਕੇਂਦਰ ਨਾਲ ਸੰਪਰਕ ਕਰੋ।

ਹੋਰ ਜਾਣਕਾਰੀ **Rape Crisis Scotland** ਦੀ ਵੈੱਬਸਾਈਟ **www.rapecrisisscotland.org.uk** ਦੇ "I need help (ਮੈਨੂੰ ਮਦਦ ਦੀ ਲੋੜ ਹੈ)" ਸੈਕਸ਼ਨ ਵਿੱਚੋਂ ਮਿਲ ਸਕਦੀ ਹੈ।

ਤੁਸੀਂ **Rape Crisis Scotland** ਦੀ ਹੈਲਪਲਾਈਨ ਨਾਲ ਕਿਸੇ ਵੀ ਦਿਨ ਸ਼ਾਮ 5 ਵਜੇ ਤੋਂ ਅੱਧੀ ਰਾਤ ਦੇ ਵਿਚਕਾਰ ਸੰਪਰਕ ਕਰ ਸਕਦੇ ਹੋ ਤਾਂ ਜੋ ਤੁਹਾਡੇ ਲਈ ਰੈਫਰਲ ਤਿਆਰ ਕੀਤਾ ਜਾ ਸਕੇ:

ਕਾਲ ਕਰੋ: **08088 01 03 02**
ਟੈਕਸਟ ਕਰੋ: **07537 410 027**
ਈਮੇਲ: **advocacy@rapecrisisscotland.org.uk**
ਵੈੱਬਚੈਟ: **www.rapecrisisscotland.org.uk**

Rape Crisis Scotland ਇੱਕ ਚੈਰੀਟੇਬਲ ਕੰਪਨੀ ਹੈ ਜਿਸਦੀ ਗਾਰੰਟੀ ਸੀਮਤ ਹੈ।
ਸਕਾਟਲੈਂਡ ਵਿੱਚ ਰਜਿਸਟਰਡ ਨੰਬਰ 258568
ਸਕਾਟਿਸ਼ ਚੈਰਿਟੀ ਨੰਬਰ SC025642

Scottish Government
Riaghaltas na h-Alba